# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ. ਸਿ.),ਬਠਿੰਡਾ

ਵੱਲ,

**ਯਾਦ ਪੱਤਰ ਅਤਿ ਜਰੂਰੀ**

ਸਮੂਹ ਸਕੂਲ ਮੁੱਖੀ,
ਸਰਕਾਰੀ ਮਿਡਲ/ ਹਾਈ/ ਸੈਕੰਡਰੀ/ ਏਡਿਡ ਸਕੂਲ/ਮਾਡਲ/ਆਦਰਸ਼ ਸਕੂਲ
ਬਠਿੰਡਾ ।
ਪੱਤਰ ਨੰ:ਰਮਸਅ/2018/203। ਮਿਤੀ:- 03-04-2018

**ਵਿਸ਼ਾ:-ਦਿਵਿਆਂਗ ਬੱਚਿਆ ਨੂੰ ਸਰਕਾਰ ਵੱਲੋਂ ਸਿੱਖਿਆ ਸਬੰਧੀ ਦਿੱਤੀਆ ਜਾਂਦੀਆਂ ਸਹੂਲਤਾਂ ਦੇ Display Board ਲਗਾਉਣ ਸਬੰਧੀ ।**

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਡਾਇਰੈਕਟਰ ਜਨਰਲ ਸਕੂਲ ਸਿਖਿਆ ਅਤੇ ਸਟੇਟ ਪ੍ਰਾਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ) ਵੱਲੋਂ ਪ੍ਰਾਪਤ ਪੱਤਰ 26-03-2018 ਨੂੰ ਮੇਲ ਕੀਤਾ ਗਿਆ ਸੀ।ਜਿਸ ਵਿੱਚ ਲਿਖਿਆ ਗਿਆ ਹੈ ਕਿ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਮੁਖ ਦਫਤਰ ਵਲੋਂ ਪ੍ਰਾਪਤ ਹਦਾਇਤਾ ਅਨੁਸਾਰ **Right Of Person With Disabilities ( RPwD) Act,2016** ਅਨੁਸਾਰ ਦਿਵਿਆਂਗ ਬੱਚਿਆਂ ਦੇ ਦਾਖਲੇ ਅਤੇ ਮਿਲਦੀਆਂ ਸਹੂਲਤਾਂ ਦੇ ਸਬੰਧ ਵਿੱਚ ਹਰੇਕ ਸਕੂਲ ਦੇ ਬਾਹਰ ਇੱਕ Display Board ਲਗਾਇਆ ਜਾਣਾ ਹੈ।ਜੇ ਕਿਸੇ ਬੱਚੇ ਜਾਂ ਮਾਤਾ ਪਿਤਾ ਨੂੰ ਦਿਵਿਆਂਗ ਬੱਚੇ ਦੇ ਸਬੰਧ ਵਿੱਚ ਕੋਈ ਔਕੜ ਆਉਦੀ ਹੈ ਤਾਂ Board ਵਿੱਚ ਦਰਜ ਅਧਿਕਾਰੀਆਂ ਨੂੰ ਸੂਚਨਾਂ ਦਿੱਤੀ ਜਾਵੇ। ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਹਿੱਤ ਇਹ ਬੋਰਡ ਹਰੇਕ ਸਕੂਲ ਦੇ ਉਸ ਸਥਾਨ ਤੇ ਪੇਂਟ ਨਾਲ ਬਣਾਇਆ ਜਾਣਾ ਸੀ,ਜਿਸ ਨੂੰ ਹਰ ਕੋਈ ਵਿਅਕਤੀ ਅਸਾਨੀ ਨਾਲ ਪੜ੍ਹ ਸਕੇ ।ਇਹ ਬੋਰਡ ਸਾਰੇ ਸਕੂਲਾਂ ਵਿੱਚ ਮਿਤੀ **28/03/2018** ਤੱਕ ਬਣਾਉਣੇ ਸਨ।

ਇਸ ਲਈ ਆਪ ਨੂੰ ਦੁਬਾਰਾ ਲਿਖਿਆਂ ਜਾਂਦਾ ਹੈ ਕਿ ਇਹ ਬੋਰਡ ਤੁਰੰਤ ਬਣਾਏ ਜਾਣ , ਨਾਂ ਬਣਾਏ ਜਾਣ ਦੀ ਸੂਰਤ ਵਿੱਚ ਸਰਕਾਰ ਵੱਲੋਂ ਜਾਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਜੇਕਰ ਕਿਸੇ ਕਿਸਮ ਐਡਵਰਸ / ਇਕਤਰਫਾ ਕਾਰਵਾਈ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ ਤਾਂ ਇਸਦੀ ਨਿੱਜੀ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

**ਨੱਥੀ:-** 26-03-2018 ਨੂੰ ਸਕੂਲਾ ਨੂੰ ਮੇਲ ਕੀਤਾ ਪੱਤਰ।

ਉਪਰੋਕਤ ਦਾ ਉਤਾਰਾ ਸਮੂਹ ਬੀ.ਪੀ.ਈ.ਓਜ.,ਬਠਿੰਡਾ ਨੂੰ ਇਨ ਬਿਨ ਪਾਲਣਾ ਹਿੱਤ ਕੀਤਾ ਜਾਂਦਾ ਹੈ।

ਜਿਲ੍ਹਾ ਸਿ.ਅ.(ਸੈ.ਸਿ.)
ਬਠਿੰਡਾ

Scanned by CamScanner

ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਮੋਹਾਲੀ, ਈਮੇਲ: ecpunjabssa@gmail.com


ਵੱਲ

**ਅਤੀ ਜ਼ਰੂਰੀ/ ਮਿਤੀ ਬੱਧ**

ਸਮੂਹ ਸਕੂਲ ਮੁੱਖੀ/ਸੀ.ਐਚ.ਟੀ.
ਪੰਜਾਬ।

ਮੀਮੋ ਨੰ: ਆਈ.ਈ.ਡੀ./ਸਸਅ/2018/ ਮਿਤੀ:

ਵਿਸ਼ਾ :- ਦਿਵਿਆਂਗ ਬੱਚਿਆਂ ਨੂੰ ਸਰਕਾਰ ਵੱਲੋਂ ਸਿੱਖਿਆ ਸਬੰਧੀ ਦਿੱਤੀਆਂ ਜਾਂਦੀਆਂ ਸਹੂਲਤਾਂ ਦੇ Display Board ਲਗਾਉਣ ਸਬੰਧੀ।

1. ਉਪਰੋਕਤ ਵਿਸ਼ੇ ਵੱਲ ਵਿਸ਼ੇਸ਼ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2. ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੇ ਮੱਦੇਨਜ਼ਰ Rights of Persons with Disabilities (RPwD) Act, 2016 ਅਨੁਸਾਰ ਸਰਕਾਰ ਵੱਲੋਂ ਦਿਵਿਆਂਗ ਬੱਚਿਆਂ ਨੂੰ ਸਿੱਖਿਆ ਦੇ ਖੇਤਰ ਵਿੱਚ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਵੇਰਵਾ ਹਰ ਸਕੂਲ ਦੇ ਬਾਹਰ ਇੱਕ ਡਿਸਪਲੇ ਬੋਰਡ ਵਿੱਚ ਦਰਜ ਕੀਤਾ ਜਾਣਾ ਹੈ। ਜੇਕਰ ਕਿਸੇ ਬੱਚੇ ਜਾਂ ਮਾਤਾ-ਪਿਤਾ ਨੂੰ ਇਸ ਸਬੰਧੀ ਕੋਈ ਔਕੜ ਆਉਂਦੀ ਹੈ ਤਾਂ ਕੰਟੈਕਟ ਕੀਤੇ ਜਾਣ ਵਾਲੇ ਅਧਿਕਾਰੀਆਂ ਦਾ ਨਾਮ, ਅਹੁਦਾ ਅਤੇ ਮੋਬਾਈਲ ਨੰ: ਵੀ ਉਸ ਬੋਰਡ ਵਿੱਚ ਦਰਜ ਹੋਣਾ ਜ਼ਰੂਰੀ ਹੈ।

3. ਉਕਤ ਹੁਕਮਾਂ ਦੇ ਮੱਦੇਨਜ਼ਰ ਡਿਸਪਲੇ ਬੋਰਡ ਦਾ ਸੈਂਪਲ ਅਨੁਲੱਗ 'ੳ' ਵਜੋਂ ਪੱਤਰ ਨਾਲ ਨੱਥੀ ਕਰ ਕੇ ਭੇਜਦੇ ਹੋਏ ਆਪ ਨੂੰ ਇਹ ਡਿਸਪਲੇ ਬੋਰਡ ਸਬੰਧਤ ਅਧਿਕਾਰੀਆਂ ਦੇ ਵੇਰਵੇ ਪਾਕੇ ਸਕੂਲ ਦੀ ਬਿਲਡਿੰਗ ਦੇ ਬਾਹਰ ਤੁਰੰਤ ਪਹਿਲ ਦੇ ਆਧਾਰ ਤੇ ਇਨੈਮਲ ਪੇਂਟ ਵਿੱਚ ਪੇਂਟ ਕਰਾਉਣ ਜਾਂ ਬੋਰਡ ਤੇ ਲਿਖਵਾਉਣ ਦੀ ਹਦਾਇਤ ਕੀਤੀ ਜਾਂਦੀ ਹੈ।

4. ਉਕਤ ਕੰਮ ਮਿਤੀ 28-03-2018 ਤੱਕ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਕਰਵਾਈ ਰਿਪੋਰਟ ਸਬੰਧਤ ਜਿ.ਸਿ.ਅ.(ਐ.ਸਿ./ਸੈ.ਸਿ.) ਨੂੰ 02-04-2018 ਤੱਕ ਭੇਜਣੀ ਯਕੀਨੀ ਬਣਾਈ ਜਾਵੇ।

-ਸਹੀ-
ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ

ਪਿੱਠ ਅੰਕਣ ਨੰ: ਆਈ.ਈ.ਡੀ./ਸਸਅ/2018/ 4487-30 ਮਿਤੀ: 22/03/2018

✓ ਉਪਰੋਕਤ ਦਾ ਉਤਾਰਾ ਸਮੂਹ ਜ਼ਿ.ਸਿ.ਅ.(ਐ.ਸਿ.) ਅਤੇ (ਸੈ.ਸਿ.) ਪੰਜਾਬ ਨੂੰ ਅਗਲੇਰੀ ਮਿਤੀ ਬੱਧ ਕਾਰਵਾਈ ਕਰਵਾਉਣ ਅਤੇ ਮੁਕੰਮਲ ਕਾਰਵਾਈ ਰਿਪੋਰਟ ਮੁੱਖ ਦਫ਼ਤਰ ਨੂੰ ਮਿਤੀ 04-04-2018 ਤੱਕ ਭੇਜਣ ਦੀ ਹਦਾਇਤ ਨਾਲ ਭੇਜਿਆ ਜਾਂਦਾ ਹੈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ

ਨੱਥੀ: ਉਕਤ ਅਨੁਸਾਰ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਂ: ਸਿ:), ਬਠਿੰਡਾ

ਵੱਲ

ਸਮੂਹ ਸਕੂਲ ਮੁਖੀ
ਸਰਕਾਰੀ, ਸਹਾਇਤਾ ਪ੍ਰਾਪਤ, ਮਿਡਲ, ਏਡਿਡ, ਆਦਰਸ਼ ਸਕੂਲ
ਬਠਿੰਡਾ

ਇਸ ਪੱਤਰ ਅਨੁਸਾਰ ਪ੍ਰਾਪਤ ਹਦਾਇਤਾਂ ਅਨੁਸਾਰ ਇਸ ਕੰਮ ਨੂੰ ਪਹਿਲ ਦੇ ਆਧਾਰ ਤੇ ਨਿਰਧਾਰਿਤ ਪੂਰਾ ਕੀਤਾ ਜਾਵੇ। ਉਕਤ ਕੰਮ ਮਿਤੀ 28-03-2018 ਤੱਕ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ।

26/3/18
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ

DSE1 (IEDSS)
26/3/18

## ਅਨੁਲੱਗ 'ਓ'

**ਵਿਕਲਾਂਗ ਵਿਅਕਤੀ ਅਧਿਕਾਰ ਐਕਟ (Rights of Persons with Disabilities Act) 2016 ਅਨੁਸਾਰ ਦਿਵਿਆਂਗ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ**

1. ਘੱਟੋ-ਘੱਟ ਅਪੰਗਤਾ ਦੇ ਮਾਪਦੰਡ ਵਾਲੇ 6 ਤੋਂ 18 ਸਾਲ ਦੀ ਉਮਰ ਗੁੱਟ ਦੇ ਹਰ ਇੱਕ ਦਿਵਿਆਂਗ ਬੱਚੇ ਨੂੰ ਨਜ਼ਦੀਕੀ ਸਕੂਲ ਜਾਂ ਸਪੈਸ਼ਲ ਸਕੂਲ ਵਿੱਚ ਬਿਨਾ ਕਿਸੇ ਭੇਦ ਭਾਵ ਤੋਂ ਦਾਖਲਾ ਅਤੇ ਮੁਫਤ ਸਿੱਖਿਆ।
2. ਖੇਡਾਂ ਅਤੇ ਮਨੋਰੰਜਨ ਕਿਰਿਆਵਾਂ ਵਿੱਚ ਬਿਨਾ ਕਿਸੇ ਭੇਦ ਭਾਵ ਤੋਂ ਭਾਗ ਲੈਣ ਦੀ ਸੁਵਿਧਾ।
3. ਸੁਣਨ, ਬੋਲਣ ਜਾਂ ਦੇਖਣ ਤੋਂ ਅਸਮਰੱਥ ਵਿਦਿਆਰਥੀਆਂ ਨੂੰ ਉਹਨਾਂ ਲਈ ਉਚਿਤ ਭਾਸ਼ਾ ਅਤੇ ਸੰਚਾਰ ਦੇ ਸਹੀ ਮਾਧਿਅਮ ਰਾਹੀਂ ਪੜ੍ਹਾਉਣਾ।
4. ਦਿਵਿਆਂਗ ਵਿਦਿਆਰਥੀਆਂ ਨੂੰ ਉਹਨਾਂ ਦੀ ਲੋੜ ਅਨੁਸਾਰ ਮੁਫਤ ਸਿੱਖਣ ਸਮੱਗਰੀ, ਵਿਸ਼ੇਸ਼ ਸਿੱਖਿਅਕ ਅਤੇ ਸਹਾਇਤਾ ਉਪਕਰਣਾਂ ਦਾ ਪ੍ਰਬੰਧ।
5. ਦਿਵਿਆਂਗ ਬੱਚੇ, ਜੋ ਆਪਣੀ ਅਪੰਗਤਾ ਦੇ ਕਾਰਣ ਸਕੂਲ ਤੱਕ ਨਹੀਂ ਪਹੁੰਚ ਸਕਦੇ, ਉਹਨਾਂ ਨੂੰ ਲੋੜ ਅਨੁਸਾਰ ਸਕੂਲ ਤੱਕ ਪਹੁੰਚਾਉਣ ਲਈ ਟ੍ਰਾਂਸਪੋਰਟ ਦਾ ਪ੍ਰਬੰਧ।
6. ਦਿਵਿਆਂਗ ਵਿਦਿਆਰਥੀਆਂ ਲਈ ਜਮਾਤ, ਪਖਾਨੇ ਅਤੇ ਪੀਣ ਦੇ ਪਾਣੀ ਤੱਕ ਨਿਰਵਿਘਨ ਪਹੁੰਚ, ਭਾਵ ਬਾਧਾ ਰਹਿਤ ਸਕੂਲ।
7. ਦਿਵਿਆਂਗ ਵਿਦਿਆਰਥੀਆਂ ਨੂੰ ਰਿਸੋਰਸ ਸੈਂਟਰਾਂ ਵਿੱਚ ਵਿਸ਼ੇਸ਼ ਅਧਿਆਪਕਾਂ ਵੱਲੋਂ ਢੁੱਕਵੀਂ ਸਿੱਖਿਆ ਦਾ ਪ੍ਰਬੰਧ।
8. ਦਿਵਿਆਂਗ ਵਿਦਿਆਰਥੀਆਂ ਨੂੰ ਯੋਗਤਾ ਅਨੁਸਾਰ ਸਰਕਾਰ ਵੱਲੋਂ ਵਜੀਫਾ ਸਕੀਮ।
9. ਦਿਵਿਆਂਗ ਵਿਦਿਆਰਥੀਆਂ ਨੂੰ ਉਹਨਾਂ ਦੀ ਲੋੜ ਅਨੁਸਾਰ ਪਾਠਕ੍ਰਮ ਅਤੇ ਬੋਰਡ/ ਸਕੂਲ ਪ੍ਰੀਖਿਆਵਾਂ ਵਿੱਚ ਵਿਸ਼ੇਸ਼ ਸਹੂਲਤਾਂ, ਜਿਵੇਂ : ਵਾਧੂ ਸਮਾਂ, ਲਿਖਾਰੀ ਦੀ ਸੁਵਿਧਾ, ਦੂਜੀ/ ਤੀਜੀ ਭਾਸ਼ਾ ਵਿੱਚ ਛੋਟ, ਆਦਿ।

ਜੇਕਰ ਸਕੂਲ ਮੁੱਖੀ ਵੱਲੋਂ ਕਿਸੇ ਦਿਵਿਆਂਗ ਬੱਚੇ ਨੂੰ ਸਕੂਲ ਵਿੱਚ ਦਾਖਲ ਕਰਨ ਤੋਂ ਮਨ੍ਹਾ ਕੀਤਾ ਜਾਂਦਾ ਹੈ ਤਾਂ ਇਸ ਸਬੰਧੀ ਸਟੇਟ/ਜ਼ਿਲ੍ਹਾ (ਜ਼ਿਲ੍ਹੇ ਦਾ ਨਾਮ) ਦੇ ਨਿਮਨਲਿਖਤ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾਵੇ :-

| ਅਧਿਕਾਰੀ ਦਾ ਨਾਮ | ਅਹੁਦਾ | ਦਫਤਰ ਦਾ ਨੰ:/ ਮੋਬਾਇਲ ਨੰ: | ਈ-ਮੇਲ |
|---|---|---|---|
| ਸੰਦੀਪ ਕੁਮਾਰ | ਆਈ.ਈ. ਰਿਸੋਰਸ ਪਰਸਨ | 9357365330 | |
| ਬਲਜੀਤ ਕੌਰ | ਜਿਲ੍ਹਾ ਸਪੈਸ਼ਲ ਐਜੁਕੇਸ਼ਨ ਟੀਚਰ | 9781904531 | Iedssbti11@gmail.com |
| ਸ਼੍ਰੀਮਤੀ ਮਨਿੰਦਰ ਕੌਰ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) | 8146680046 | |
| ਸ੍ਰੀ ਸੰਜੀਵ ਸ਼ਰਮਾ | ਡਿਪਟੀ ਸਟੇਟ ਪ੍ਰਾਜੈਕਟ ਡਾਇਰੈਕਟਰ (ਗ੍ਰੀਵੀਐਂਸ), ਪੰਜਾਬ | 0172-5212339<br>99145-00136 | dyspd.rmsa.pb@gmail.com |

Scanned by CamScanner